# PRESS COVERAGE

# A Rendezvous with Author Khushwant Singh

# 01.09.2022

पटियाला केसरी

शनिवार SATURDAY 3 सितम्बर 2022



मुल्तानी मल मोदी कालेज में करवाए समारोह का दृश्य। (सुंदर)

# मोदी कालेज द्वारा लेखक खुशवंत सिंह के साथ साहित्यिक गोष्ठी करवाई

पटियाला, 2 सितम्बर (जोसन): मुल्तानी मल मोदी कालेज पटियाला की इंगलिश लिटरेरी सोसायटी, आरकेडीया द्वारा बुक लवर्ज रिट्रीट क्लब, पटियाला के सहयोग के साथ और कालेज प्रिंसीपल डा. खुशविंदर कुमार की अध्यक्षता में एक साहित्यिक गोष्ठी का आयोजन किया गया। इसमें मुख्यातिथि के तौर पर किताब दी ओपीयम टॉफी के लेखक खुशवंत सिह शामिल हुए।

इस साहित्यक गोष्ठी का मुख्य उद्देश्य जहां स्थानीय लेखकों द्वारा अंग्रेजी भाषा में रचे जा रहे साहित्य संबंधी विद्यार्थियों के साथ संवाद रचाना था, वहीं लेखक द्वारा रची किताबों में किरदारों, कहानियां, प्लाट तथा उनके निर्माण पीछे कार्य करते तत्वों बारे चर्चा करना था।

कालेज प्रिंसीपल डा. खुशविंदर कुमार ने इस मौके मुख्यातिथि का स्वागत करते हुए कहा कि विद्यार्थियों में पढ़ने की रुचि पैदा करना जरूरी है, क्योंकि साहित्य न सिर्फ किसी समाज का शीशा होता है बल्कि यह किसी भी समाज की सच्चाइयां, समस्याओं व त्रासदियों को उजागर करने का कार्य करता है।

प्रो. वनीत कौर, असिस्टैंट प्रोफैसर, अंग्रेजी विभाग ने इस मौके पर चर्चा के लिए प्रस्तुत किताब, दी ओपीयम ट्रॉफी की कहानीबनतर, इसके किरदारों व प्लाट की विकास प्रक्रिया बारे विस्तार में बताया। कार्यक्रम का संचालन विभाग के असिस्टैंट प्रोफैसर डा. हरलीन कौर ने किया। कालेज द्वारा धन्यवाद का प्रस्ताव प्रो. जगदीप कौर, जोग्रफी विभाग ने किया। डा. किरन उप्पल, मैडीकल अफसर, घनौर ने इस मौके विद्यार्थियों को उनके बुक क्लब के साथ जुड़ने का आह्वान दिया।

Friday, 2 September, 2022

ਪਟਿਆਲਾ ਬਾਣੀ



ਮੁਲਤਾਨੀ ਮਲ ਮੋਦੀ ਕਾਲਜ ਵਿਖੇ ਕਰਵਾਏ ਸਮਾਰੋਹ ਦਾ ਦ੍ਰਿਸ਼। (ਜੋਸਨ)

# ਮੋਦੀ ਕਾਲਜ ਵੱਲੋਂ ਲੇਖਕ ਖੁਸ਼ਵੰਤ ਸਿੰਘ ਨਾਲ ਸਾਹਿਤਕ ਗੋਸ਼ਟੀ ਦਾ ਆਯੋਜਨ

ਪਟਿਆਲਾ, 1 ਸਤੰਬਰ (ਜੋਸਨ)- ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ ਦੀ ਇੰਗਲਿਸ਼ ਲਿਟਰੇਰੀ ਸੋਸਾਇਟੀ, 'ਆਰਕੇਡੀਆ' ਵੱਲੋਂ 'ਬੁੱਕ ਲਵਰਜ਼ ਰਿਟ੍ਰੀਟ ਕਲੱਬ', ਪਟਿਆਲਾ ਦੇ ਸਹਿਯੋਗ ਨਾਲ ਅਤੇ ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਦੀ ਸੁਚੱਜੀ ਅਗਵਾਈ ਹੇਠ ਇਕ ਸਾਹਿਤਕ ਗੋਸ਼ਟੀ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਮੁੱਖ-ਮਹਿਮਾਨ ਵੱਜੋਂ ਕਿਤਾਬ 'ਦਿ ਉਪੀਅਮ ਟਾਫੀ' ਦੇ ਲੇਖਕ ਖੁਸ਼ਵੰਤ ਸਿੰਘ ਸ਼ਾਮਲ ਹੋਏ।

ਇਸ ਸਾਹਿਤਕ ਗੋਸ਼ਟੀ ਦਾ ਮੁੱਖ ਉਦੇਸ਼ ਜਿੱਥੇ ਸਥਾਨਕ ਲੇਖਕਾਂ ਵੱਲੋਂ ਅੰਗਰੇਜ਼ੀ ਭਾਸ਼ਾ 'ਚ ਰਚੇ ਜਾ ਰਹੇ ਸਾਹਿਤ ਸਬੰਧੀ ਵਿਦਿਆਰਥੀਆਂ ਨਾਲ ਸੰਵਾਦ ਰਚਾਉਣਾ ਸੀ, ਉੱਥੇ ਲੇਖਕ ਵੱਲੋਂ ਰਚੀਆਂ ਕਿਤਾਬਾਂ ਵਿਚਲੇ ਕਿਰਦਾਰਾਂ, ਕਹਾਣੀਆਂ, ਪਲਾਟ ਅਤੇ ਉਨ੍ਹਾਂ ਦੀ ਸਿਰਜਣਾ ਪਿੱਛੇ ਕੰਮ ਕਰਦੇ ਤੱਤਾਂ ਬਾਰੇ ਚਰਚਾ ਕਰਨਾ ਸੀ। ਇਸ ਮੌਕੇ ਬੁੱਕ ਲਵਰਜ਼ ਰਿਟ੍ਰੀਟ ਕਲੱਬ, ਪਟਿਆਲਾ ਦੇ ਸਾਰੇ ਮੈਂਬਰ ਵੀ ਸ਼ਾਮਲ ਹੋਏ।

ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਇਸ ਮੌਕੇ ਮੁੱਖ-ਮਹਿਮਾਨ ਦਾ ਸਵਾਗਤ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਵਿਚ ਪੜ੍ਹਨ ਦੀ ਰੁਚੀ ਪੈਦਾ ਕਰਨਾ ਜ਼ਰੂਰੀ ਹੈ ਕਿਉਂਕਿ ਸਾਹਿਤ ਨਾ ਸਿਰਫ ਕਿਸੇ ਸਮਾਜ ਦਾ ਸ਼ੀਸ਼ਾ ਹੁੰਦਾ ਹੈ, ਬਲਕਿ ਇਹ ਕਿਸੇ ਵੀ ਸਮਾਜ ਦੀਆਂ ਸੱਚਾਈਆਂ, ਸਮੱਸਿਆਵਾਂ ਤੇ ਤਰਾਸਦੀਆਂ ਨੂੰ ਉਜਾਗਰ ਕਰਨ ਦਾ ਕੰਮ ਕਰਦਾ ਹੈ। ਪ੍ਰੋ. ਵਨੀਤ ਕੌਰ, ਅਸਿਸਟੈਂਟ ਪ੍ਰੋਫੈਸਰ, ਅੰਗਰੇਜ਼ੀ ਵਿਭਾਗ ਨੇ ਇਸ ਮੌਕੇ ਚਰਚਾ ਲਈ ਪ੍ਰਸਤੁਤ ਕੀਤੀ ਕਿਤਾਬ, 'ਦਿ ਉਪੀਅਮ ਟਾਫੀ' ਦੀ ਕਹਾਣੀ-ਬਣਤਰ, ਇਸ ਦੇ ਕਿਰਦਾਰਾਂ ਅਤੇ ਪਲਾਟ ਦੀ ਵਿਕਾਸ-ਪ੍ਰਕਿਰਿਆ ਬਾਰੇ ਵਿਸਥਾਰ ਵਿਚ ਦੱਸਿਆ।

ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਲੇਖਕ ਖੁਸ਼ਵੰਤ ਸਿੰਘ ਨੇ ਆਪਣੀ ਸਿਰਜਣਾਤਮਿਕ-ਪ੍ਰਕਿਰਿਆ ਅਤੇ ਲੇਖਕ ਦੇ ਤੌਰ 'ਤੇ ਆਪਣੇ ਤਜ਼ਰਬਿਆਂ ਨੂੰ ਸਾਂਝਾ ਕਰਦਿਆਂ ਕਿਹਾ ਕਿ ਮੈਂ ਪੰਜਾਬ ਵਿਚ ਅੱਤਵਾਦ ਦੇ ਦੌਰ ਵਿਚ ਪੈਦਾ ਹੋਇਆ ਹਾਂ ਅਤੇ ਉਨ੍ਹਾਂ ਸਮਿਆਂ ਦਾ ਮੇਰੇ ਲੇਖਣ 'ਤੇ ਹੁਣ ਵੀ ਡੂੰਘਾ ਅਸਰ ਹੈ। ਮੈਂ ਸਦਾ ਹੀ ਆਪਣੇ ਸਮੇਂ ਨੂੰ ਸਾਹਿਤਕ ਕਿਰਤਾਂ ਵਿਚ ਢਾਲਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਅਨੁਸਾਰ ਮੁੱਖ-ਧਾਰਾ ਦੇ ਜਨ-ਸੰਚਾਰ ਮਾਧਿਅਮਾਂ ਦੁਆਰਾ ਪੰਜਾਬੀਆਂ ਦਾ ਘੜਿਆ ਅਕਸ ਤੋੜਣ ਦੀ ਜ਼ਰੂਰਤ ਹੈ। ਉਨ੍ਹਾਂ ਅਨੁਸਾਰ ਮੇਰੀ ਲੇਖਣੀ ਉੱਪਰ ਸਿਆਸੀ ਤੇ ਸਮਾਜਿਕ ਘਟਨਾਵਾਂ ਦਾ ਬਹੁਤ ਡੂੰਘਾ ਪ੍ਰਭਾਵ ਪਿਆ ਹੈ।

ਇਸ ਪ੍ਰੋਗਰਾਮ ਦਾ ਸੰਚਾਲਨ ਅੰਗਰੇਜ਼ੀ ਵਿਭਾਗ ਦੇ ਅਸਿਸਟੈਂਟ ਪ੍ਰਫੈਸਰ ਡਾ. ਹਰਲੀਨ ਕੌਰ ਨੇ ਕੀਤਾ। ਕਾਲਜ ਵੱਲੋਂ ਧੰਨਵਾਦ ਦਾ ਮਤਾ ਪ੍ਰੋ. ਜਗਦੀਪ ਕੌਰ, ਜੌਗਰਫੀ ਵਿਭਾਗ ਨੇ ਕੀਤਾ। ਡਾ. ਕਿਰਨ ਉੱਪਲ, ਮੈਡੀਕਲ ਅਫਸਰ, ਘਨੌਰ ਨੇ ਇਸ ਮੌਕੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਬੁੱਕ ਕਲੱਬ ਨਾਲ ਜੁੜਨ ਦਾ ਸੱਦਾ ਦਿੱਤਾ।

ਪਟਿਆਲਾ ਅਜੀਤ
ਅਜੀਤ, ਚੰਡੀਗੜ੍ਹ
ਸ਼ੁੱਕਰਵਾਰ, 2 ਸਤੰਬਰ 2022



ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਕਰਵਾਏ ਪ੍ਰੋਗਰਾਮ ਦਾ ਦ੍ਰਿਸ਼। ਅਜੀਤ ਤਸਵੀਰ

# ਮੋਦੀ ਕਾਲਜ ਵਲੋਂ ਲੇਖਕ ਖੁਸ਼ਵੰਤ ਸਿੰਘ ਨਾਲ ਸਾਹਿਤਕ ਗੋਸ਼ਟੀ ਕਰਵਾਈ

ਪਟਿਆਲਾ, 1 ਸਤੰਬਰ (ਗੁਰਵਿੰਦਰ ਸਿੰਘ ਔਲਖ)- ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ ਦੀ ਇੰਗਲਿਸ਼ ਲਿਟਰੇਰੀ ਸੁਸਾਇਟੀ, 'ਆਰਕੇਡੀਆ' ਵਲੋਂ 'ਬੁੱਕ ਲਵਰਜ਼ ਰਿਟ੍ਰੀਟ ਕਲੱਬ' ਦੇ ਸਹਿਯੋਗ ਨਾਲ ਤੇ ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਦੀ ਅਗਵਾਈ ਹੇਠ ਇਕ ਸਾਹਿਤਕ ਗੋਸ਼ਟੀ ਕਰਵਾਈ ਗਈ। ਇਸ 'ਚ ਮੁੱਖ-ਮਹਿਮਾਨ ਵਜੋਂ 'ਕਿਤਾਬ' ਦੀ ਉਪੀਅਮ ਟੌਫੀ' ਦੇ ਲੇਖਕ ਖੁਸ਼ਵੰਤ ਸਿੰਘ ਸ਼ਾਮਿਲ ਹੋਏ। ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਮੁੱਖ-ਮਹਿਮਾਨ ਦਾ ਸਵਾਗਤ ਕਰਦਿਆਂ ਕਿਹਾ ਕਿ ਵਿਦਿਆਰਥੀਆਂ 'ਚ ਪੜ੍ਹਨ ਦੀ ਰੁਚੀ ਪੈਦਾ ਕਰਨਾ ਜ਼ਰੂਰੀ ਹੈ। ਪ੍ਰੋ. ਵਨੀਤ ਕੌਰ ਅਸਿਸਟੈਂਟ ਪ੍ਰੋਫੈਸਰ ਅੰਗਰੇਜ਼ੀ ਵਿਭਾਗ ਨੇ ਇਸ ਮੌਕੇ ਚਰਚਾ ਲਈ ਪ੍ਰਸਤੁਤ ਕੀਤੀ ਕਿਤਾਬ, 'ਦੀ ਉਪੀਅਮ ਟਾਫੀ' ਦੀ ਕਹਾਣੀ-ਬਣਤਰ, ਇਸ ਦੇ ਕਿਰਦਾਰਾਂ ਤੇ ਪਲਾਟ ਦੀ ਵਿਕਾਸ-ਪ੍ਰਕਿਰਿਆ ਬਾਰੇ ਵਿਸਥਾਰ ਵਿਚ ਦੱਸਿਆ। ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਲੇਖਕ ਖੁਸ਼ਵੰਤ ਸਿੰਘ ਨੇ ਆਪਣੀ ਸਿਰਜਣਾਤਮਿਕ-ਪ੍ਰਕਿਰਿਆ ਤੇ ਲੇਖਕ ਦੇ ਤੌਰ 'ਤੇ ਆਪਣੇ ਤਜਰਬਿਆਂ ਨੂੰ ਸਾਂਝਿਆਂ ਕਰਦਿਆਂ ਕਿਹਾ ਕਿ ਮੈਂ ਪੰਜਾਬ 'ਚ ਅੱਤਵਾਦ ਦੇ ਦੌਰ ਵਿਚ ਪੈਦਾ ਹੋਇਆ ਹਾਂ ਅਤੇ ਉਨ੍ਹਾਂ ਸਮਿਆਂ ਦਾ ਮੇਰੇ ਲੇਖਣ ਤੇ ਹੁਣ ਵੀ ਡੂੰਘਾ ਅਸਰ ਹੈ। ਉਨ੍ਹਾਂ ਕਿਹਾ ਕਿ ਮੈਂ ਸਦਾ ਹੀ ਆਪਣੇ ਸਮੇਂ ਨੂੰ ਸਾਹਿਤਕ ਕਿਰਤਾਂ 'ਚ ਢਾਲਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਅਨੁਸਾਰ ਮੁੱਖ-ਧਾਰਾ ਦੇ ਜਨ-ਸੰਚਾਰ ਮਾਧਿਅਮਾਂ ਦੁਆਰਾ ਪੰਜਾਬੀਆਂ ਦਾ ਘੜਿਆ ਅਕਸ ਤੋੜਨ ਦੀ ਜ਼ਰੂਰਤ ਹੈ। ਪ੍ਰੋਗਰਾਮ ਸੰਚਾਲਣ ਅੰਗਰੇਜ਼ੀ ਵਿਭਾਗ ਦੇ ਅਸਿਸਟੈਂਟ ਪ੍ਰੋਫੈਸਰ ਡਾ. ਹਰਲੀਨ ਕੌਰ ਨੇ ਕੀਤਾ। 'ਬੁੱਕ ਲਵਰਜ਼ ਰਿਟ੍ਰੀਟ ਕਲੱਬ' ਵਲੋਂ ਡਾ. ਦਮਨਜੀਤ ਸੰਧੂ ਅਸਿਸਟੈਂਟ ਪ੍ਰੋਫੈਸਰ ਮਨੋਵਿਗਿਆਨ ਵਿਭਾਗ ਪੰਜਾਬੀ ਯੂਨੀਵਰਸਿਟੀ ਦਾ ਧੰਨਵਾਦ ਕੀਤਾ। ਕਾਲਜ ਵਲੋਂ ਧੰਨਵਾਦ ਦਾ ਮਤਾ ਪ੍ਰੋ. ਜਗਦੀਪ ਕੌਰ ਜੌਗਰਫੀ ਵਿਭਾਗ ਨੇ ਕੀਤਾ। ਡਾ. ਕਿਰਨ ਉੱਪਲ ਮੈਡੀਕਲ ਅਫਸਰ ਘਨੌਰ ਨੇ ਇਸ ਮੌਕੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਬੁੱਕ ਕਲੱਬ ਨਾਲ ਜੁੜਣ ਦਾ ਸੱਦਾ ਦਿੱਤਾ। ਪ੍ਰੋਗਰਾਮ 'ਚ ਵਿਭਾਗ ਦੇ ਬਾਕੀ ਅਧਿਆਪਕਾਂ ਪ੍ਰੋ. ਗਗਨਦੀਪ ਕੌਰ, ਪ੍ਰੋ. ਤਮਿੰਦਰ ਕੌਰ ਤੇ ਪ੍ਰੋ. ਤਨਵੀਰ ਕੌਰ ਤੇ ਪ੍ਰੋ. ਚਿਤਵਨ, ਡਾ. ਹਰਪ੍ਰੀਤ ਸਿੰਘ ਨੇ ਅਤੇ ਵੱਡੀ ਗਿਣਤੀ 'ਚ ਵਿਦਿਆਰਥੀਆਂ ਨੇ ਸ਼ਿਰਕਤ ਕੀਤੀ।

4 | ਪੰਜਾਬੀ ਜਾਗਰਣ ਜਲੰਧਰ 2 ਸਤੰਬਰ 2022

# ਮੋਦੀ ਕਾਲਜ ਨੇ ਸਾਹਿਤਕ ਗੋਸ਼ਟੀ ਕਰਵਾਈ

**ਪੱਤਰ ਪ੍ਰੇਰਕ, ਪਟਿਆਲਾ** : ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ ਦੀ ਇੰਗਲਿਸ਼ ਲਿਟਰੇਰੀ ਸੁਸਾਇਟੀ, 'ਆਰਕੇਡੀਆ' ਵੱਲੋਂ 'ਬੁੱਕ ਲਵਰਜ਼ ਰਿਟ੍ਰੀਟ ਕਲੱਬ', ਪਟਿਆਲਾ ਦੇ ਸਹਿਯੋਗ ਨਾਲ ਤੇ ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਦੀ ਸੁਚੱਜੀ ਅਗਵਾਈ ਹੇਠ ਸਾਹਿਤਕ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਇਸ 'ਚ ਮੁੱਖ-ਮਹਿਮਾਨ ਵਜੋਂ ਕਿਤਾਬ 'ਦਿ ਉਪੀਅਮ ਟੌਫੀ' ਦੇ ਲੇਖਕ ਖੁਸ਼ਵੰਤ ਸਿੰਘ ਸ਼ਾਮਲ ਹੋਏ। ਇਸ ਸਾਹਿਤਕ ਗੋਸ਼ਟੀ ਦਾ ਮੁੱਖ ਉਦੇਸ਼ ਜਿੱਥੇ ਸਥਾਨਕ ਲੇਖਕਾਂ ਵੱਲੋਂ ਅੰਗਰੇਜ਼ੀ ਭਾਸ਼ਾ 'ਚ ਰਚੇ ਜਾ ਰਹੇ ਸਾਹਿਤ ਸਬੰਧੀ ਵਿਦਿਆਰਥੀਆਂ ਨਾਲ ਸੰਵਾਦ ਰਚਾਉਣਾ ਸੀ, ਉੱਥੇ ਲੇਖਕ ਦੁਆਰਾ ਰਚੀਆਂ ਕਿਤਾਬਾਂ ਵਿਚਲੇ ਕਿਰਦਾਰਾਂ, ਕਹਾਣੀਆਂ, ਪਲਾਟ ਤੇ ਉਨ੍ਹਾਂ ਦੀ ਸਿਰਜਣਾ ਪਿੱਛੇ ਕੰਮ ਕਰਦੇ ਤੱਤਾਂ ਬਾਰੇ ਚਰਚਾ ਕਰਨਾ ਸੀ। ਇਸ ਮੌਕੇ ਬੁੱਕ ਲਵਰਜ਼ ਰਿਟ੍ਰੀਟ ਕਲੱਬ, ਪਟਿਆਲਾ ਦੇ ਸਾਰੇ ਮੈਂਬਰ ਵੀ ਸ਼ਾਮਲ ਹੋਏ।

ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਇਸ ਮੌਕੇ ਮੁੱਖ ਮਹਿਮਾਨ ਦਾ ਸਵਾਗਤ




ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਲੇਖਕ ਤੇ ਪੱਤਰਕਾਰ ਖੁਸ਼ਵੰਤ ਸਿੰਘ।

ਕਰਦਿਆਂ ਕਿਹਾ ਕਿ ਵਿਦਿਆਰਥੀਆਂ 'ਚ ਪੜ੍ਹਨ ਦੀ ਰੁਚੀ ਪੈਦਾ ਕਰਨਾ ਜ਼ਰੂਰੀ ਹੈ ਕਿਉਂਕਿ ਸਾਹਿਤ ਨਾ ਸਿਰਫ ਕਿਸੇ ਸਮਾਜ ਦਾ ਸ਼ੀਸ਼ਾ ਹੁੰਦਾ ਹੈ ਬਲਕਿ ਇਹ ਕਿਸੇ ਵੀ ਸਮਾਜ ਦੀਆਂ ਸੱਚਾਈਆਂ, ਸਮੱਸਿਆਵਾਂ ਤੇ ਤਰਾਸਦੀਆਂ ਨੂੰ ਉਜਾਗਰ ਕਰਨ ਦਾ ਕੰਮ ਕਰਦਾ ਹੈ। ਅੰਗੇਰਜੀ ਵਿਭਾਗ ਦੇ ਅਸਿਸਟੈਂਟ ਪ੍ਰੋਫੈਸਰ ਵਨੀਤ ਕੌਰ ਨੇ ਇਸ ਮੌਕੇ ਚਰਚਾ ਲਈ ਪ੍ਰਸਤੁਤ ਕੀਤੀ ਕਿਤਾਬ 'ਦੀ ਉਪੀਅਮ ਟਾਫੀ' ਦੀ ਕਹਾਣੀ-ਬਣਤਰ, ਇਸ ਦੇ ਕਿਰਦਾਰਾਂ ਅਤੇ ਪਲਾਟ ਦੀ ਵਿਕਾਸ -ਪ੍ਰਕ੍ਰਿਆ ਬਾਰੇ ਵਿਸਥਾਰ 'ਚ ਦੱਸਿਆ। ਉਨ੍ਹਾਂ ਅਨੁਸਾਰ ਇਹ ਕਿਤਾਬ ਪੰਜਾਬੀ ਲੋਕਾਂ ਦੀ ਜ਼ਿੰਦਗੀ ਨੂੰ ਕਾਗਜ਼ 'ਤੇ ਉਤਾਰਦੀ ਹੈ। ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਲੇਖਕ ਖੁਸ਼ਵੰਤ ਸਿੰਘ ਨੇ ਆਪਣੀ ਸਿਰਜਣਾਤਮਿਕ-ਪ੍ਰਕ੍ਰਿਆ ਅਤੇ ਲੇਖਕ ਦੇ ਤੌਰ 'ਤੇ ਆਪਣੇ ਤਜਰਬਿਆਂ ਨੂੰ

## ਸਮਾਗਮ

- **ਲੇਖਕ ਤੇ ਪੱਤਰਕਾਰ ਖੁਸ਼ਵੰਤ ਸਿੰਘ ਨਾਲ ਸਾਹਿਤਕ ਗੋਸ਼ਟੀ ਦਾ ਕੀਤਾ ਆਯੋਜਨ**

ਸਾਂਝਾ ਕਰਦਿਆ ਕਿਹਾ ਕਿ ਮੈਂ ਪੰਜਾਬ 'ਚ ਅੱਤਵਾਦ ਦੇ ਦੌਰ 'ਚ ਪੈਦਾ ਹੋਇਆ ਹਾਂ ਅਤੇ ਉਨ੍ਹਾਂ ਸਮਿਆਂ ਦਾ ਮੇਰੇ ਲੇਖਣ 'ਤੇ ਹੁਣ ਵੀ ਡੂੰਘਾ ਅਸਰ ਹੈ। ਮੈਂ ਸਦਾ ਹੀ ਆਪਣੇ ਸਮੇਂ ਨੂੰ ਸਾਹਿਤਕ ਕਿਰਤਾਂ 'ਚ ਢਾਲਣ ਦੀ ਕੋਸ਼ਿਸ਼ ਕੀਤੀ ਹੈ। ਉਹਨਾਂ ਅਨੁਸਾਰ ਮੁੱਖ-ਧਾਰਾ ਦੇ ਜਨ-ਸੰਚਾਰ ਮਾਧਿਆਮਾਂ ਦੁਆਰਾ ਪੰਜਾਬੀਆਂ ਦਾ ਘੜਿਆ ਅਕਸ ਤੋੜਣ ਦੀ ਜ਼ਰੂਰਤ ਹੈ। ਉਨ੍ਹਾਂ ਅਨੁਸਾਰ ਮੇਰੀ ਲੇਖਣੀ ਉੱਪਰ ਸਿਆਸੀ ਤੇ ਸਮਾਜਿਕ ਘਟਨਾਵਾਂ ਦਾ ਬਹੁਤ ਗਹਿਰਾ ਪ੍ਰਭਾਵ ਪਿਆ ਹੈ। ਇਸ ਪ੍ਰੋਗਰਾਮ ਦਾ ਸੰਚਾਲਨ ਅੰਗਰੇਜ਼ੀ ਵਿਭਾਗ ਦੇ ਅਸਿਸਟੈਂਟ ਪ੍ਰੋਫੈਸਰ ਡਾ. ਹਰਲੀਨ ਕੌਰ ਨੇ ਕੀਤਾ। ਇਸ ਮੌਕੇ ਪ੍ਰੋ. ਗਗਨਦੀਪ ਕੌਰ, ਪ੍ਰੋ. ਤਮਿੰਦਰ ਕੌਰ, ਪ੍ਰੋ. ਤਨਵੀਰ ਕੌਰ, ਪ੍ਰੋ. ਚਿਤਵਨ ਤੇ ਡਾ. ਹਰਪ੍ਰੀਤ ਸਿੰਘ ਸਮੇਤ ਵੱਡੀ ਗਿਣਤੀ 'ਚ ਵਿਦਿਆਰਥੀ ਹਾਜ਼ਰ ਸਨ।

**Daily Charhdikala, Patiala (Friday, 2 September 2022)**

# ਮੋਦੀ ਕਾਲਜ ਵੱਲੋਂ ਲੇਖਕ ਤੇ ਪੱਤਰਕਾਰ ਖੁਸ਼ਵੰਤ ਸਿੰਘ ਨਾਲ ਸਾਹਿਤਕ ਗੋਸ਼ਟੀ

ਪਟਿਆਲਾ, 1 ਸਤੰਬਰ (ਰੁਪਾਣਾ) : ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ ਦੀ ਇੰਗਲਿਸ਼ ਲਿਟਰੇਰੀ ਸੁਸਾਇਟੀ, 'ਆਰਕੇਡੀਆ' ਵੱਲੋਂ 'ਬੁੱਕ ਲਵਰਜ਼ ਰਿਟ੍ਰੀਟ ਕਲੱਬ', ਪਟਿਆਲਾ ਦੇ ਸਹਿਯੋਗ ਨਾਲ ਅਤੇ ਕਾਲਜ ਪ੍ਰਿੰਸੀਪਲ ਡਾ.ਖੁਸ਼ਵਿੰਦਰ ਕੁਮਾਰ ਦੀ ਸੁਚੱਜੀ ਅਗਵਾਈ ਹੇਠ ਇੱਕ ਸਾਹਿਤਕ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਇਸ ਵਿੱਚ ਮੁੱਖ-ਮਹਿਮਾਨ ਵੱਜੋਂ ਕਿਤਾਬ 'ਦੀ ਉਪੀਅਮ ਟੌਫੀ' ਦੇ ਲੇਖਕ ਖੁਸ਼ਵੰਤ ਸਿੰਘ ਸ਼ਾਮਲ ਹੋਏ। ਇਸ ਸਾਹਿਤਕ ਗੋਸ਼ਟੀ ਦਾ ਮੁੱਖ ਉਦੇਸ਼ ਜਿੱਥੇ ਸਥਾਨਕ ਲੇਖਕਾਂ ਵੱਲੋਂ ਅੰਗਰੇਜ਼ੀ ਭਾਸ਼ਾ ਵਿੱਚ ਰਚੇ ਜਾ ਰਹੇ ਸਾਹਿਤ ਸਬੰਧੀ ਵਿਦਿਆਰਥੀਆਂ ਨਾਲ ਸੰਵਾਦ ਰਚਾਉਣਾ ਸੀ, ਉੱਥੇ ਲੇਖਕ ਦੁਆਰਾ ਰਚੀਆਂ ਕਿਤਾਬਾਂ ਵਿਚਲੇ ਕਿਰਦਾਰਾਂ, ਕਹਾਣੀਆਂ, ਪਲਾਟ ਅਤੇ ਉਹਨਾਂ ਦੀ ਸਿਰਜਣਾ ਪਿੱਛੇ ਕੰਮ ਕਰਦੇ ਤੱਤਾਂ ਬਾਰੇ ਚਰਚਾ ਕਰਨਾ ਸੀ। ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਇਸ ਮੌਕੇ 'ਤੇ ਮੁੱਖ ਮਹਿਮਾਨ ਦਾ ਸਵਾਗਤ ਕੀਤਾ। ਪ੍ਰੋ. ਵਨੀਤ ਕੌਰ, ਅਸਿਸਟੈਂਟ ਪ੍ਰੋਫੈਸਰ, ਅੰਗਰੇਜ਼ੀ ਵਿਭਾਗ ਨੇ ਇਸ ਮੌਕੇ



'ਤੇ ਚਰਚਾ ਲਈ ਪ੍ਰਸਤੁਤ ਕੀਤੀ ਕਿਤਾਬ 'ਦੀ ਉਪੀਅਮ ਟਫੀ' ਦੀ ਕਹਾਣੀ-ਬਣਤਰ, ਇਸ ਦੇ ਕਿਰਦਾਰਾਂ ਅਤੇ ਪਲਾਟ ਦੀ ਵਿਕਾਸ-ਪ੍ਰਕਿਰਿਆ ਬਾਰੇ ਵਿਸਥਾਰ ਵਿੱਚ ਦੱਸਿਆ। ਇਸ ਮੌਕੇ 'ਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਲੇਖਕ ਖੁਸ਼ਵੰਤ ਸਿੰਘ ਨੇ ਆਪਣੀ ਸਿਰਜਣਾਤਮਿਕ-ਪ੍ਰਕਿਰਿਆ ਅਤੇ ਲੇਖਕ ਦੇ ਤੌਰ 'ਤੇ ਆਪਣੇ ਤਜਰਬਿਆਂ ਨੂੰ ਸਾਂਝਿਆਂ ਕਰਦਿਆਂ ਕਿਹਾ ਕਿ ਮੈਂ ਪੰਜਾਬ ਵਿੱਚ ਅੱਤਵਾਦ ਦੇ ਦੌਰ ਵਿੱਚ ਪੈਦਾ ਹੋਇਆ ਹਾਂ ਅਤੇ ਉਹਨਾਂ ਸਮਿਆਂ ਦਾ ਮੇਰੇ ਲੇਖਣ 'ਤੇ ਹੁਣ ਵੀ ਡੂੰਘਾ ਅਸਰ ਹੈ। ਇਸ ਪ੍ਰੋਗਰਾਮ ਦਾ ਸੰਚਾਲਨ ਅੰਗਰੇਜ਼ੀ ਵਿਭਾਗ ਦੇ ਅਸਿਸਟੈਂਟ ਪ੍ਰੋਫੈਸਰ ਡਾ. ਹਰਲੀਨ ਕੌਰ ਨੇ ਕੀਤਾ। ਇਸ ਸੈਸ਼ਨ ਦੀ ਕਾਰਵਾਈ ਦੌਰਾਨ ਵਿਦਿਆਰਥੀਆਂ ਨੇ ਲੇਖਕ ਦੀਆਂ ਰਚਨਾਵਾਂ ਬਾਰੇ ਚਰਚਾ ਕੀਤੀ ਤੇ ਨਾਵਲ ਨਾਲ ਸਬੰਧਤ ਸਵਾਲ ਵੀ ਪੁੱਛੇ। 'ਬੁੱਕ ਲਵਰਜ਼ ਰਿਟ੍ਰੀਟ ਕਲੱਬ' ਵੱਲੋਂ ਡਾ.ਦਮਨਜੀਤ ਸੰਧੂ, ਅਸਿਸਟੈਂਟ ਪ੍ਰੋਫੈਸਰ, ਮਨੋਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਧੰਨਵਾਦ ਕੀਤਾ। ਕਾਲਜ ਵੱਲੋਂ ਧੰਨਵਾਦ ਦਾ ਮਤਾ ਪ੍ਰੋ.ਜਗਦੀਪ ਕੌਰ, ਜੌਗਰਫੀ ਵਿਭਾਗ ਨੇ ਕੀਤਾ। ਡਾ. ਕਿਰਨ ਉੱਪਲ, ਮੈਡੀਕਲ ਅਫਸਰ, ਘਨੌਰ ਨੇ ਇਸ ਮੌਕੇ 'ਤੇ ਵਿਦਿਆਰਥੀਆਂ ਨੂੰ ਉਹਨਾਂ ਦੇ ਬੁੱਕ ਕਲੱਬ ਨਾਲ ਜੁੜਨ ਦਾ ਸੱਦਾ ਦਿੱਤਾ। ਇਸ ਪ੍ਰੋਗਰਾਮ ਵਿੱਚ ਵਿਭਾਗ ਦੇ ਬਾਕੀ ਅਧਿਆਪਕਾਂ ਪ੍ਰੋ. ਗਗਨਦੀਪ ਕੌਰ, ਪ੍ਰੋ.ਤਮਿੰਦਰ ਕੌਰ ਤੇ ਪ੍ਰੋ. ਤਨਵੀਰ ਕੌਰ ਤੇ ਪ੍ਰੋ. ਚਿਤਵਨ, ਡਾ. ਹਰਪ੍ਰੀਤ ਸਿੰਘ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਨੇ ਸ਼ਿਰਕਤ ਕੀਤੀ।